# ਜੰਗਬੰਦੀ ਮਗਰੋਂ ਪਹਿਲੀ ਵਾਰ ਫ਼ਲਸਤੀਨੀਆਂ ਨੂੰ ਉੱਤਰੀ ਗਾਜ਼ਾ ਪਰਤਣ ਦੀ ਇਜਾਜ਼ਤ ਮਿਲੀ

**ਦੀਰ ਅਲ-ਬਲਾ, 27 ਜਨਵਰੀ :** ਇਜ਼ਰਾਈਲ ਨੇ ਵੀਰਵਾਰ ਨੂੰ ਕਿਹਾ ਕਿ ਹਮਾਸ ਨਾਲ 15 ਮਹੀਨਿਆਂ ਦੀ ਜੰਗ ਮਗਰੋਂ ਜੰਗਬੰਦੀ ਲਾਗੂ ਹੋਣ ਤੋਂ ਬਾਅਦ ਪਹਿਲੀ ਵਾਰ ਫਲਸਤੀਨੀਆਂ ਨੂੰ ਗਾਜ਼ਾ ਪੱਟੀ ਦੇ ਉੱਤਰੀ ਖੇਤਰ ਵਿਚ ਵਾਪਸ ਜਾਣ ਦੀ ਇਜਾਜ਼ਤ ਦਿਤੀ ਗਈ ਹੈ। ਇਸ ਜੰਗ ਕਾਰਨ ਗਾਜ਼ਾ ਪੱਟੀ ਦਾ ਉੱਤਰੀ ਖੇਤਰ ਬੁਰੀ ਤਰ੍ਹਾਂ ਤਬਾਹ ਹੋ ਗਿਆ ਹੈ।

ਹਜ਼ਾਰਾਂ ਫਿਲਸਤੀਨੀ, ਜੋ ਅਪਣੇ ਖੇਤਰ 'ਚ ਵਾਪਸ ਜਾਣ ਲਈ ਕਈ ਦਿਨਾਂ ਤੋਂ ਉਡੀਕ ਕਰ ਰਹੇ ਸਨ, ਸੋਮਵਾਰ ਨੂੰ ਉੱਤਰ ਵਲ ਵਧੇ। ਐਸੋਸੀਏਟਿਡ ਪ੍ਰੈਸ ਦੇ ਪੱਤਰਕਾਰਾਂ ਨੇ ਸਵੇਰੇ 7 ਵਜੇ ਤੋਂ ਥੋੜ੍ਹੀ ਦੇਰ ਬਾਅਦ ਲੋਕਾਂ ਨੂੰ ਕਥਿਤ ਨੇਤਜਾਰਿਮ ਕੋਰੀਡੋਰ ਪਾਰ ਕਰਦੇ ਵੇਖਿਆ, ਜਦੋਂ ਚੈੱਕਪੁਆਇੰਟ ਖੋਲ੍ਹਿਆ ਗਿਆ।

ਹਮਾਸ ਅਤੇ ਇਜ਼ਰਾਈਲ ਵਿਚਾਲੇ ਵਿਵਾਦ ਕਾਰਨ ਉੱਤਰੀ ਖੇਤਰ ਵਿਚ ਵਾਪਸੀ ਵਿਚ ਦੇਰੀ ਹੋਈ। ਇਜ਼ਰਾਈਲ ਨੇ ਅਤਿਵਾਦੀ ਸਮੂਹ 'ਤੇ ਸੈਂਕੜੇ ਫਲਸਤੀਨੀ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਨੂੰ ਬਦਲਣ ਦਾ ਦੋਸ਼ ਲਾਇਆ ਹੈ। ਹਾਲਾਂਕਿ, ਵਾਰਤਾਕਾਰਾਂ ਨੇ ਦੇਰ ਰਾਤ ਵਿਵਾਦ ਨੂੰ ਸੁਲਝਾ ਲਿਆ।

ਜੰਗਬੰਦੀ ਦਾ ਉਦੇਸ਼ ਇਜ਼ਰਾਈਲ ਅਤੇ ਹਮਾਸ ਵਿਚਾਲੇ ਹੁਣ ਤਕ ਦੀ ਸੱਭ ਤੋਂ ਘਾਤਕ ਅਤੇ ਵਿਨਾਸ਼ਕਾਰੀ ਜੰਗ ਨੂੰ ਖਤਮ ਕਰਨਾ ਅਤੇ 7 ਅਕਤੂਬਰ, 2023 ਨੂੰ ਇਜ਼ਰਾਈਲ ਨੂੰ ਨਿਸ਼ਾਨਾ ਬਣਾ ਕੇ ਅਤਿਵਾਦੀਆਂ ਵਲੋਂ ਕੀਤੇ ਗਏ ਹਮਲੇ ਵਿਚ ਫੜੇ ਗਏ ਕਈ ਬੰਧਕਾਂ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਹੈ। ਇਸ ਹਮਲੇ ਤੋਂ ਬਾਅਦ ਇਜ਼ਰਾਈਲ ਨੇ ਹਮਾਸ ਵਿਰੁਧ ਜੰਗ ਸ਼ੁਰੂ ਕਰ ਦਿਤੀ ਸੀ।

ਜੰਗ ਦੇ ਸ਼ੁਰੂਆਤੀ ਦਿਨਾਂ 'ਚ, ਇਜ਼ਰਾਈਲ ਨੇ ਉੱਤਰੀ ਖੇਤਰ ਨੂੰ ਪੂਰੀ ਤਰ੍ਹਾਂ ਖਾਲੀ ਕਰਨ ਦਾ ਹੁਕਮ ਦਿਤਾ ਅਤੇ ਜ਼ਮੀਨੀ ਫ਼ੌਜੀਆਂ ਦੇ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਇਸ ਨੂੰ ਸੀਲ ਕਰ ਦਿਤਾ। ਅਕਤੂਬਰ 2023 'ਚ, ਲਗਭਗ 10 ਲੱਖ ਲੋਕ ਦੱਖਣ ਵਲ ਚਲੇ ਗਏ ਅਤੇ ਉਨ੍ਹਾਂ ਨੂੰ ਪਰਤਣ ਦੀ ਇਜਾਜ਼ਤ ਨਹੀਂ ਦਿਤੀ ਗਈ। ਲੱਖਾਂ ਲੋਕ ਉੱਤਰੀ ਖੇਤਰ 'ਚ ਰਹੇ, ਜਿੱਥੇ ਜੰਗ ਦੌਰਾਨ ਸੱਭ ਤੋਂ ਭਿਆਨਕ ਲੜਾਈ ਅਤੇ ਸੱਭ ਤੋਂ ਭਿਆਨਕ ਤਬਾਹੀ ਹੋਈ ਸੀ। **(ਪੀਟੀਆਈ)**

## ਭਾਰਤ-ਇੰਗਲੈਂਡ ਵਿਚਕਾਰ ਅੱਜ ਹੋਵੇਗਾ ਤੀਜਾ ਟੀ-20 ਮੁਕਾਬਲਾ

**ਰਾਜਕੋਟ, 27 ਜਨਵਰੀ :** ਭਾਰਤ ਨੇ ਇੰਗਲੈਂਡ ਵਿਰੁਧ ਟੀ-20 ਸੀਰੀਜ਼ ਵਿਚ 2-0 ਦੀ ਬੜ੍ਹਤ ਬਣਾ ਲਈ ਹੈ। ਹੁਣ ਤੀਜਾ ਮੈਚ ਰਾਜਕੋਟ ਵਿਚ ਖੇਡਿਆ ਜਾਵੇਗਾ। ਇਹ ਮੈਚ ਮੰਗਲਵਾਰ ਨੂੰ ਨਿਰੰਜਣ ਸ਼ਾਹ ਸਟੇਡੀਅਮ ਵਿਚ ਹੋਵੇਗਾ। ਟੀਮ ਇੰਡੀਆ ਨੇ ਤੀਜੇ ਟੀ-20 ਮੈਚ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ। ਟੀਮ ਇੰਡੀਆ ਨੇ ਸੀਰੀਜ਼ ਦਾ ਪਹਿਲਾ ਮੈਚ 7 ਵਿਕਟਾਂ ਨਾਲ ਜਿੱਤਿਆ ਸੀ। ਇਸ ਤੋਂ ਬਾਅਦ, ਉਨ੍ਹਾਂ ਦੂਜਾ ਮੈਚ 2 ਵਿਕਟਾਂ ਨਾਲ ਜਿੱਤ ਲਿਆ। ਜੇਕਰ ਅਸੀਂ ਇਸ ਸੀਰੀਜ਼ ਦੇ ਦੋ ਮੈਚਾਂ ਵਿਚ ਸੱਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਖਿਡਾਰੀਆਂ ਦੀ ਗੱਲ ਕਰੀਏ ਤਾਂ ਇੰਗਲੈਂਡ ਦਾ ਜੋਸ ਬਟਲਰ ਸੱਭ ਤੋਂ ਉੱਪਰ ਹੈ। ਉਸ ਨੇ 2 ਮੈਚਾਂ ਵਿਚ 113 ਦੌੜਾਂ ਬਣਾਈਆਂ ਹਨ। ਜਦੋਂ ਕਿ ਤਿਲਕ ਵਰਮਾ ਨੇ 2 ਮੈਚਾਂ ਵਿਚ 91 ਦੌੜਾਂ ਬਣਾਈਆਂ ਹਨ। ਤਿਲਕ ਨੇ ਚੇਨਈ ਵਿਚ ਇਕ ਧਮਾਕੇਦਾਰ ਪਾਰੀ ਖੇਡੀ। **(ਏਜੰਸੀ)**

# ਸੱਤ ਮਹਾਂਦੀਪਾਂ 'ਚ ਮੈਰਾਥਨ ਪੂਰੀ ਕਰਨ ਵਾਲਾ ਪਹਿਲਾ ਉਤਰੀ ਅਮਰੀਕੀ ਸਿੱਖ ਬਣਿਆ ਕੈਨੇਡਾ ਦਾ ਜਸਦੀਪ ਸਿੰਘ

**ਵਿੰਡਸਰ (ਕੈਨੇਡਾ), 27 ਜਨਵਰੀ :** ਕੈਨੇਡਾ ਦੇ ਵਿੰਡਸਰ, ਓਨਟਾਰੀਓ ਦੇ ਰਹਿਣ ਵਾਲੇ 50 ਸਾਲਾ ਜਸਦੀਪ ਸਿੰਘ ਨੇ ਅੰਟਾਰਟਿਕਾ ਆਈਸ ਮੈਰਾਥਨ ਤੇ ਦਖਣੀ ਮੈਰਾਥਨ ਸਮੇਤ ਸੱਤ ਮਹਾਂਦੀਪਾਂ 'ਚ ਮੈਰਾਥਨ (42 ਕਿਲੋਮੀਟਰ) ਪੂਰੀ ਕਰਨ ਵਾਲੇ ਪਹਿਲੇ ਉਤਰੀ ਅਮਰੀਕੀ ਸਿੱਖ ਬਣ ਕੇ ਇਕ ਵੱਡੀ ਉਪਲਬਧੀ ਹਾਸਲ ਕੀਤੀ ਹੈ।

ਇਸ ਸ਼ਾਨਦਾਰ ਉਪਲਬਧੀ ਨੂੰ

**■ ਕੈਨੇਡਾ ਦੇ ਵਿੰਡਸਰ ਤੋਂ ਸ਼ੁਰੂ ਹੋਇਆ ਸਫ਼ਰ ਅੰਟਾਰਕਟਿਕਾ ਦੀ ਆਈਸ ਮੈਰਾਥਨ 'ਚ ਹੋਇਆ ਖ਼ਤਮ**

ਹਾਸਲ ਕਰਨ ਲਈ ਜਸਦੀਪ ਸਿੰਘ ਦਸੰਬਰ 2024 ਵਿਚ ਦੁਨੀਆਂ ਭਰ ਦੇ 500 ਤੋਂ ਘੱਟ ਦੌੜਾਂਕਾਂ ਦੇ ਇਕ ਐਲੀਟ ਗਰੁੱਪ ਸ਼ਾਮਲ ਹੋਇਆ। ਹਾਲ ਹੀ ਵਿਚ ਉਸ ਦੇ ਇਸ ਸਫ਼ਰ 'ਤੇ ਕੈਨੇਡਾ ਦੀ ਸੀ.ਬੀ.ਸੀ. ਵਲੋਂ ਚਾਨਣਾ ਪਾਇਆ ਗਿਆ।

ਭਾਰਤ ਤੋਂ ਕੈਨੇਡੀਅਨ ਪ੍ਰਵਾਸੀ ਵਜੋਂ ਜਸਦੀਪ ਨੇ 40 ਸਾਲ ਦੀ ਉਮਰ ਵਿਚ ਦਖਣੀ ਓਨਟਾਰੀਓ ਦੇ ਇਕ ਛੋਟੇ ਜਿਹੇ ਸ਼ਹਿਰ ਵਿੰਡਸਰ 'ਚ ਅਪਣੀ ਦੌੜ ਦੀ ਸ਼ੁਰੂਆਤ ਕੀਤੀ। ਪਿਛਲੇ ਇਕ ਦਹਾਕੇ ਵਿਚ, ਉਸਨੇ ਹੌਲੀ-ਹੌਲੀ ਦੁਨੀਆਂ ਭਰ ਵਿਚ ਮੈਰਾਥਨ ਪੂਰੀ ਕੀਤੀ ਹੈ। ਉਸਦੇ ਇਸ ਸਫ਼ਰ ਵਿਚ ਉਤਰੀ ਅਮਰੀਕਾ ਲਈ 2018 ਵਿਚ ਡੇਟਰੋਇਟ ਮੈਰਾਥਨ ਅਤੇ 2019 ਵਿਚ ਨਿਊਯਾਰਕ ਮੈਰਾਥਨ ਨੂੰ ਪੂਰਾ ਕਰਨਾ ਸ਼ਾਮਲ ਹੈ।

ਉਸਦੀ ਯੂਰਪੀਅਨ ਮੈਰਾਥਨਾਂ ਵਿਚ 2021 'ਚ ਬਰਲਿਨ ਮੈਰਾਥਨ ਅਤੇ 2022 ਵਿਚ ਲੰਡਨ ਮੈਰਾਥਨ ਸ਼ਾਮਲ ਹਨ। ਉਸਨੇ 2023 'ਚ ਦਖਣੀ ਅਮਰੀਕਾ ਵਿਚ ਰੀਓ ਮੈਰਾਥਨ ਅਤੇ ਅਫ਼ਰੀਕਾ ਵਿਚ ਕੇਪ ਟਾਊਨ ਮੈਰਾਥਨ ਪੂਰੀ ਕੀਤੀ।

ਏਸ਼ੀਆ ਵਿਚ 2024 'ਚ ਜਸਦੀਪ ਸਿੰਘ ਨੇ ਟੋਕੀਉ ਮੈਰਾਥਨ ਪੂਰੀ ਕੀਤੀ ਅਤੇ ਇਸੇ ਸਾਲ ਉਹ ਆਸਟਰੇਲੀਆ 'ਚ ਸਿਡਨੀ ਮੈਰਾਥਨ ਵਿਚ ਵੀ ਹਿੱਸਾ ਲਿਆ। ਆਖ਼ਰ 'ਚ ਉਸ ਨੇ ਦਸੰਬਰ 2024 'ਚ ਯੂਨੀਅਨ ਗਲੇਸ਼ੀਅਰ 'ਤੇ ਅੰਟਾਰਕਟਿਕਾ ਆਈਸ ਮੈਰਾਥਨ ਨੂੰ ਪੂਰਾ ਕਰ ਕੇ ਅਪਣੇ ਸਫ਼ਰ ਦੀ ਚੋਟੀ 'ਤੇ ਪਹੁੰਚ ਗਿਆ। ਜਸਦੀਪ ਦੀ ਯਾਤਰਾ ਅੰਟਾਰਕਟਿਕਾ ਵਿਚ ਸਮਾਪਤ ਹੋਈ, ਜਿੱਥੇ ਉਸਨੇ ਧਰਤੀ ਦੇ ਸਭ ਤੋਂ ਕਠੋਰ ਵਾਤਾਵਰਣਾਂ ਵਿਚ ਦੌੜ ਲਗਾਈ। **(ਏਜੰਸੀ)**

## ਲਿਬਨਾਨ 'ਚ ਪ੍ਰਦਰਸ਼ਨਕਾਰੀਆਂ 'ਤੇ ਇਜ਼ਰਾਈਲੀ ਹਮਲਾ, 22 ਲੋਕਾਂ ਦੀ ਮੌਤ, 124 ਜ਼ਖ਼ਮੀ

**ਯੇਰੂਸ਼ਲਮ, 27 ਜਨਵਰੀ :** ਇਜ਼ਰਾਈਲ ਅਤੇ ਲੇਬਨਾਨ ਵਿਚਕਾਰ ਤਣਾਅ ਜਾਰੀ ਹੈ। ਜੰਗਬੰਦੀ ਸਮਝੌਤੇ ਦੇ ਤਹਿਤ, ਇਜ਼ਰਾਈਲੀ ਫ਼ੌਜ ਨੂੰ ਲੇਬਨਾਨ ਛੱਡਣਾ ਸੀ, ਪਰ ਇਜ਼ਰਾਈਲ ਇਸ ਲਈ ਤਿਆਰ ਨਹੀਂ ਹੈ। ਇਸ ਦੌਰਾਨ ਉਸ ਨੇ ਉਨ੍ਹਾਂ ਪ੍ਰਦਰਸ਼ਨਕਾਰੀਆਂ 'ਤੇ ਵੱਡਾ ਹਮਲਾ ਕੀਤਾ ਹੈ ਜੋ ਉਸ ਦਾ ਵਿਰੋਧ ਕਰ ਰਹੇ ਸਨ। ਦੱਖਣੀ ਲੇਬਨਾਨ 'ਚ ਇਜ਼ਰਾਈਲੀ ਹਮਲਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ 22 ਹੋ ਗਈ ਹੈ, ਜਿਨ੍ਹਾਂ ਵਿਚ ਛੇ ਔਰਤਾਂ ਵੀ ਸ਼ਾਮਲ ਹਨ, ਜਦੋਂ ਕਿ 124 ਹੋਰ ਜ਼ਖ਼ਮੀ ਹੋ ਗਏ ਹਨ। ਲੇਬਨਾਨ ਦੇ ਸਿਹਤ ਮੰਤਰਾਲੇ ਨੇ ਐਤਵਾਰ ਨੂੰ ਇਹ ਜਾਣਕਾਰੀ ਦਿਤੀ। ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਜ਼ਖਮੀਆਂ ਵਿਚ 12 ਔਰਤਾਂ ਅਤੇ ਇਸਲਾਮਿਕ ਸਕਾਊਟਸ ਐਸੋਸੀਏਸ਼ਨ ਦਾ ਇੱਕ ਪੈਰਾਮੈਡਿਕ ਸ਼ਾਮਲ ਹਨ, ਜੋ ਉੱਥੇ ਮਨੁੱਖੀ ਬਚਾਅ ਕਾਰਜ ਕਰ ਰਿਹਾ ਸੀ। ਕਿਹਾ ਜਾ ਰਿਹਾ ਹੈ ਕਿ ਇਹ ਹਮਲਾ ਇਜ਼ਰਾਈਲੀ ਫ਼ੌਜ ਵਿਰੁੱਧ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਹੋਇਆ, ਜਿਸ ਵਿਚ ਹੁਣ ਤਕ ਬਹੁਤ ਸਾਰੇ ਲੋਕ ਮਾਰੇ ਗਏ ਹਨ। **(ਏਜੰਸੀ)**

## ਇਕ ਨਜ਼ਰ....

### ਬੇਲਾਰੂਸ ਦੇ ਰਾਸ਼ਟਰਪਤੀ ਲੁਕਾਸੈਂਕੋ ਦੀ ਚੋਣ 'ਚ ਭਾਰੀ ਜਿੱਤ

**ਮਿੰਸਕ, 27 ਜਨਵਰੀ :** ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸੈਂਕੋ ਨੂੰ ਚੋਣਾਂ ਵਿਚ ਦੁਬਾਰਾ ਚੁਣੇ ਜਾਣ ਦਾ ਐਲਾਨ ਕੀਤਾ ਗਿਆ ਹੈ। ਹਾਲਾਂਕਿ ਵਿਰੋਧੀ ਧਿਰ ਅਤੇ ਯੂਰਪੀਅਨ ਯੂਨੀਅਨ ਨੇ ਇਸ ਚੋਣ ਨੂੰ ਧੋਖਾ ਦੱਸ ਕੇ ਰੱਦ ਕਰ ਦਿਤਾ ਹੈ। ਤਾਨਾਸ਼ਾਹੀ ਲੁਕਾਸੈਂਕੋ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਸੱਤਾ ਵਿਚ ਹੈ। ਕੇਂਦਰੀ ਚੋਣ ਕਮਿਸ਼ਨ ਨੇ ਸੋਮਵਾਰ ਤੜਕੇ ਲੁਕਾਸੈਂਕੋ ਨੂੰ ਜੇਤੂ ਐਲਾਨਿਆ ਅਤੇ ਬਾਅਦ ਵਿਚ ਇਸ ਦੀ ਪੁਸ਼ਟੀ ਵੀ ਕੀਤੀ। ਕੇਂਦਰੀ ਚੋਣ ਕਮਿਸ਼ਨ ਨੇ ਕਿਹਾ ਕਿ ਨੇਤਾ ਲੁਕਾਸੈਂਕੋ ਨੂੰ ਲਗਭਗ 87 ਪ੍ਰਤੀਸ਼ਤ ਵੋਟਾਂ ਮਿਲੀਆਂ ਅਤੇ ਉਨ੍ਹਾਂ ਦੇ ਚਾਰ ਵਿਰੋਧੀ ਉਮੀਦਵਾਰਾਂ ਨੇ ਉਨ੍ਹਾਂ ਦੇ ਸ਼ਾਸਨ ਦੀ ਪ੍ਰਸ਼ੰਸਾ ਕੀਤੀ। ਲੁਕਾਸੈਂਕੋ ਦੇ ਵਿਰੋਧੀਆਂ ਨੇ ਕਿਹਾ ਕਿ ਇਹ ਚੋਣ 2020 ਵਾਂਗ ਇਕ ਧੋਖਾ ਸੀ। 2020 ਦੀਆਂ ਚੋਣਾਂ ਤੋਂ ਬਾਅਦ ਕਈ ਮਹੀਨਿਆਂ ਤਕ ਵਿਰੋਧ ਪ੍ਰਦਰਸ਼ਨ ਹੋਏ ਸਨ। ਲੁਕਾਸੈਂਕੋ ਦੇ ਬਹੁਤ ਸਾਰੇ ਵਿਰੋਧੀ ਜੇਲ ਵਿਚ ਹਨ ਜਾਂ ਵਿਦੇਸ਼ਾਂ ਵਿਚ ਜਲਾਵਤਨੀ ਵਿਚ ਹਨ। ਯੂਰਪੀਅਨ ਯੂਨੀਅਨ ਨੇ ਵੀ ਐਤਵਾਰ ਦੀ ਚੋਣ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦੇ ਹੋਏ ਰੱਦ ਕਰ ਦਿਤਾ ਅਤੇ ਨਵੀਆਂ ਪਾਬੰਦੀਆਂ ਲਗਾਉਣ ਦੀ ਧਮਕੀ ਦਿਤੀ। ਲੁਕਾਸ਼ੋਂਕੋ 1994 ਤੋਂ ਸੱਤਾ ਵਿਚ ਹਨ। ਉਹ ਸੱਤਾ 'ਤੇ ਅਪਣੀ ਪਕੜ ਬਣਾਈ ਰੱਖਣ ਲਈ ਰੂਸ ਤੋਂ ਸਬਸਿਡੀਆਂ ਅਤੇ ਸਮਰਥਨ 'ਤੇ ਨਿਰਭਰ ਕਰਦਾ ਹੈ। **(ਏਜੰਸੀ)**

### ਬੋਲੀਵੀਆ 'ਚ ਪਲਟੀ ਯਾਤਰੀ ਬੱਸ, 19 ਲੋਕਾਂ ਦੀ ਮੌਤ

**ਲਾ ਪਾਜ਼, 27 ਜਨਵਰੀ :** ਬੋਲੀਵੀਆ 'ਚ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਬੀਤੇ ਦਿਨ ਦੱਖਣੀ ਬੋਲੀਵੀਆ ਵਿਚ ਇਕ ਯਾਤਰੀ ਬੱਸ ਪਲਟ ਗਈ। ਇਸ ਹਾਦਸੇ ਵਿਚ ਘੱਟੋ-ਘੱਟ 19 ਲੋਕਾਂ ਦੀ ਮੌਤ ਹੋ ਗਈ ਅਤੇ ਨੌਂ ਹੋਰ ਜ਼ਖ਼ਮੀ ਹੋ ਗਏ। ਸਥਾਨਕ ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿਤੀ। ਨੇੜਲੇ ਉਯੂਨੀ ਦੀ ਮਿਊਂਸੀਪਲ ਪੁਲਿਸ ਨੇ ਦਸਿਆ ਕਿ ਇਹ ਹਾਦਸਾ ਪੋਟੋਸੀ ਵਿਭਾਗ ਦੇ ਇਕ ਕਸਬੇ ਸੇਰਦਾਸ ਵਿਚ ਵਾਪਰਿਆ। ਮ੍ਰਿਤਕਾਂ ਵਿਚ 14 ਔਰਤਾਂ ਅਤੇ ਦੋ ਨਾਬਾਲਗ਼ ਸ਼ਾਮਲ ਹਨ। ਪੁਲਿਸ ਰਿਪੋਰਟ ਅਨੁਸਾਰ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਕਿਹਾ ਕਿ ਸੱਟਾਂ ਦੀ ਗੰਭੀਰਤਾ ਨੂੰ ਦੇਖਦੇ ਹੋਏ ਮੌਤਾਂ ਦੀ ਗਿਣਤੀ ਵੱਧ ਸਕਦੀ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਚਲਦਾ ਹੈ ਕਿ ਹਾਦਸਾ ਤੇਜ਼ ਰਫ਼ਤਾਰ ਅਤੇ ਇਕ ਗ਼ੈਰ ਤਜਰਬੇਕਾਰ ਡਰਾਈਵਰ ਕਾਰਨ ਹੋਇਆ ਹੋ ਸਕਦਾ ਹੈ। 50 ਯਾਤਰੀਆਂ ਨੂੰ ਲਿਜਾਣ ਦੀ ਸਮਰਥਾ ਵਾਲੀ ਬੱਸ ਅਰਜਨਟੀਨਾ ਦੀ ਸਰਹੱਦ 'ਤੇ ਸਥਿਤ ਇਕ ਕਸਬੇ ਲਾ ਪਾਜ਼ ਅਤੇ ਵਿਲਾਜ਼ੋਨ ਵਿਚਕਾਰ ਲਗਭਗ 850 ਕਿਲੋਮੀਟਰ ਲੰਬੀ ਦੂਰੀ ਦੀ ਯਾਤਰਾ ਕਰ ਰਹੀ ਸੀ। **(ਏਜੰਸੀ)**

# ਅਮਰੀਕਾ ਦੇ ਦਬਾਅ ਅੱਗੇ ਝੁਕਿਆ ਕੋਲੰਬੀਆ

## ਅਮਰੀਕਾ ਤੋਂ ਵਾਪਸ ਪ੍ਰਾਪਤ ਕਰੇਗਾ ਗ਼ੈਰ-ਕਾਨੂੰਨੀ ਪ੍ਰਵਾਸੀ

**ਵਾਸ਼ਿੰਗਟਨ, 27 ਜਨਵਰੀ :** ਕੋਲੰਬੀਆ ਵਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਾਰੀਆਂ ਸ਼ਰਤਾਂ ਨੂੰ ਮਨਜ਼ੂਰ ਕਰਨ ਤੋਂ ਬਾਅਦ ਅਮਰੀਕਾ ਨੇ ਅਪਣੀਆਂ ਪਾਬੰਦੀਆਂ ਅਤੇ ਟੈਰਿਫ ਆਰਡਰ ਨੂੰ ਲਾਗੂ ਕਰਨਾ ਬੰਦ ਕਰ ਦਿਤਾ ਹੈ। ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫਤਰ ਵਹਾਈਟ ਹਾਊਸ ਨੇ ਇਹ ਜਾਣਕਾਰੀ ਦਿਤੀ।

**❝ ਦਾਖ਼ਲੇ ਦੀ ਇਜਾਜ਼ਤ ਦੇਣ ਲਈ ਅਮਰੀਕਾ ਨੇ ਵੀ ਕੋਲੰਬੀਆ 'ਤੇ ਟੈਰਿਫ਼ ਲਗਾਉਣ ਦੇ ਹੁਕਮ ਨੂੰ ਮੁਅੱਤਲ ਕੀਤਾ**

ਇਸ ਐਲਾਨ ਤੋਂ ਪਹਿਲਾਂ ਨਾਜਾਇਜ਼ ਕੋਲੰਬੀਆਈ ਪ੍ਰਵਾਸੀਆਂ ਨੂੰ ਦੇਸ਼ਨਿਕਾਲੇ ਲਈ ਬੋਗੋਟਾ ਲੈ ਕੇ ਜਾ ਰਹੇ ਦੋ ਅਮਰੀਕੀ ਫ਼ੌਜੀ ਜਹਾਜ਼ਾਂ ਨੂੰ ਦਾਖ਼ਲੇ ਦੀ ਇਜਾਜ਼ਤ ਨਾ ਦਿਤੇ ਜਾਣ 'ਤੇ ਟਰੰਪ ਨੇ ਕੋਲੰਬੀਆ ਵਿਰੁਧ ਟੈਰਿਫ਼, ਵੀਜ਼ਾ ਪਾਬੰਦੀਆਂ ਅਤੇ ਹੋਰ ਜਵਾਬੀ ਕਦਮ ਚੁਕਣ ਦਾ ਹੁਕਮ ਦਿਤਾ ਸੀ ਜਿਸ ਤੋਂ ਕੁਝ ਹੀ ਘੰਟਿਆਂ ਬਾਅਦ ਦਖਣੀ ਅਮਰੀਕੀ ਦੇਸ਼ ਨੇ ਵੀ ਅਮਰੀਕਾ 'ਤੇ ਆਯਾਤ ਟੈਰਿਫ਼ ਵਧਾਏ ਜਾਣ ਦਾ ਫੈਸਲਾ ਕੀਤਾ ਸੀ।

ਅਮਰੀਕਾ ਨੇ ਯਾਤਰਾ ਪਾਬੰਦੀ ਅਤੇ ਕੋਲੰਬੀਆ ਦੇ ਸਰਕਾਰੀ ਅਧਿਕਾਰੀਆਂ ਅਤੇ ਅਮਰੀਕੀ ਉਡਾਣਾਂ ਦੇ ਸੰਚਾਲਨ ਵਿਚ ਦਖਲ ਅੰਦਾਜ਼ੀ ਕਰਨ ਲਈ ਜ਼ਿੰਮੇਵਾਰ ਹੋਰਾਂ ਦੇ ਵੀਜ਼ਾ ਤੁਰਤ ਰੱਦ ਕਰਨ ਦਾ ਵੀ ਐਲਾਨ ਕੀਤਾ। ਹਾਲਾਂਕਿ ਐਤਵਾਰ ਨੂੰ ਵ੍ਹਾਈਟ ਹਾਊਸ ਨੇ ਕਿਹਾ ਕਿ ਕੋਲੰਬੀਆ ਟਰੰਪ ਦੀਆਂ ਸਾਰੀਆਂ ਸ਼ਰਤਾਂ 'ਤੇ ਸਹਿਮਤ ਹੋ ਗਿਆ ਹੈ। **(ਪੀਟੀਆਈ)**

# ਭਾਰਤ ਤੇ ਚੀਨ ਨੇ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ

**ਬੀਜਿੰਗ/ਨਵੀਂ ਦਿੱਲੀ, 27 ਜਨਵਰੀ :** ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸੋਮਵਾਰ ਨੂੰ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ ਕੀਤੀ ਅਤੇ ਦੁਵੱਲੇ ਮੁੱਦਿਆਂ 'ਤੇ ਚਰਚਾ ਕੀਤੀ। ਮਿਸਰੀ ਭਾਰਤ-ਚੀਨ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਚੀਨੀ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ 2 ਦਿਨਾਂ ਦੇ ਦੌਰੇ 'ਤੇ ਇੱਥੇ ਆਏ ਹਨ।

ਨਵੀਂ ਦਿੱਲੀ 'ਚ ਵਿਦੇਸ਼ ਮੰਤਰਾਲੇ ਨੇ ਬੈਠਕ ਬਾਰੇ ਜਾਣਕਾਰੀ ਦਿੰਦਿਆਂ

**❝ ਵਿਦੇਸ਼ ਸਕੱਤਰ ਮਿਸਰੀ ਨੇ ਬੀਜਿੰਗ 'ਚ ਚੀਨੀ ਵਿਦੇਸ਼ ਮੰਤਰੀ ਨਾਲ ਕੀਤੀ ਮੁਲਾਕਾਤ**

ਦਸਿਆ ਕਿ ਭਾਰਤ ਅਤੇ ਚੀਨ ਨੇ ਸੋਮਵਾਰ ਨੂੰ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਅਤੇ ਦੋਵੇਂ ਪੱਖ ਸਬੰਧਾਂ ਨੂੰ ਸਥਿਰ ਕਰਨ ਅਤੇ ਬਹਾਲ ਕਰਨ ਲਈ ਕੁ